


practical ways parents can boost learning

# ਗਣਿਤ ਨੂੰ ਆਨੰਦਮਈ ਬਣਾ ਦਿਉ

ਪ੍ਰਾਇਮਰੀ ਅਤੇ ਜੂਨੀਅਰ ਦਰਜੇ ਦੇ ਵਿਦਿਆਰਥੀਆਂ ਲਈ

ਜਿਸ ਤਰੀਕੇ ਨਾਲ ਸਕੂਲਾਂ ਵਿੱਚ ਗਣਿਤ ਪੜ੍ਹਾਇਆ ਜਾਂਦਾ ਹੈ, ਇਹ ਉਸ ਵੇਲੇ ਨਾਲੋਂ ਸ਼ਾਇਦ ਬਹੁਤ ਵੱਖਰਾ ਹੈ ਜਦੋਂ ਬਹੁਤੇ ਮਾਪੇ ਖੁਦ ਵਿਦਿਆਰਥੀ ਸਨ। ਬਹੁਤੇ ਮਾਪਿਆਂ ਲਈ ਗਣਿਤ ਵਰਕਸ਼ੀਟਾਂ ਅਤੇ ਜ਼ਰਬਾਂ ਦੇ ਖਾਕਿਆਂ ਨਾਲ ਹੀ ਸੰਬੰਧ ਰੱਖਦਾ ਹੈ। ਅੱਜ ਅਸੀਂ ਵਿਦਿਆਰਥੀਆਂ ਨੂੰ ਇਹ ਪੜ੍ਹਾਉਂਦੇ ਹਾਂ ਕਿ ਗਣਿਤ ਹਰ ਪਾਸੇ ਮੌਜੂਦ ਹੈ। ਗਣਿਤ ਦਾ ਸੰਬੰਧ ਹੈ:

- ਗਤੀਵਿਧੀਆਂ ਕਰਨ ਅਤੇ ਖੇਡਾਂ ਖੇਡਣ ਨਾਲ
- ਹੋਰਨਾ ਨਾਲ ਗੱਲਾਂ ਕਰਨ ਅਤੇ ਰਲਕੇ ਕੰਮ ਕਰਨ ਵਿੱਚ
- ਅੰਦਾਜ਼ੇ ਲਾਉਣ ਅਤੇ ਨੰਬਰਾਂ ਦੀ ਸਮਝ ਨਾਲ
- ਜ਼ੋਖ਼ਮ ਉਠਾਉਣ ਨਾਲ
- ਮੁਸ਼ਕਲਾਂ ਦੇ ਹੱਲ ਨਾਲ

ਸਾਰੇ ਬੱਚੇ ਗਣਿਤ ਸਿੱਖ ਸਕਦੇ ਅਤੇ ਉਸਦਾ ਆਨੰਦ ਮਾਣ ਸਕਦੇ ਹਨ। ਤੁਸੀਂ ਗਣਿਤ ਵਿੱਚ ਕਾਮਯਾਬ ਹੋਣ ਵਿੱਚ ਹੇਠ ਲਿਖੇ ਤਰੀਕੇ ਨਾਲ ਆਪਣੇ ਬੱਚੇ ਦੀ ਮਦਦ ਕਰ ਸਕਦੇ ਹੋ:

- ਗਣਿਤ ਪ੍ਰਤੀ ਅਤੇ ਆਪਣੇ ਬੱਚੇ ਦੇ ਗਣਿਤ ਸਿੱਖਣ ਦੀ ਯੋਗਤਾ ਪ੍ਰਤੀ ਇੱਕ ਉਸਾਰੂ ਰਵੱਈਆ ਅਪਣਾਕੇ
- ਰੋਜ਼ਾਨਾ ਜ਼ਿੰਦਗੀ ਵਿੱਚ ਗਣਿਤ ਵਰਤਣ ਦੇ ਤਰੀਕੇ ਲੱਭਕੇ
- ਆਪਣੇ ਬੱਚਿਆਂ ਦੀਆਂ ਗੱਲਾਂ ਵੱਲ ਧਿਆਨ ਕਰਕੇ ਅਤੇ ਉਨ੍ਹਾਂ ਨਾਲ ਗਣਿਤ ਬਾਰੇ ਗੱਲਾਂ ਕਰਕੇ

ਇਹ ਸਿੱਖਕੇ ਕਿ ਇੱਕ ਪਰਿਵਾਰ ਦੇ ਤੌਰ ਤੇ ਇਕੱਠਿਆਂ ਗਣਿਤ ਦਾ ਆਨੰਦ ਕਿਸ ਤਰਾਂ ਮਾਣਿਆ ਜਾ ਸਕਦਾ ਹੈ, ਤੁਸੀਂ ਆਪਣੇ ਬੱਚੇ ਦੀ ਗਣਿਤ ਵਿੱਚ ਕਾਮਯਾਬ ਹੋਣ ਵਿੱਚ ਮਦਦ ਕਰ ਸਕਦੇ ਹੋ। ਗਣਿਤ ਦਾ ਮਤਲਬ ਹੈ ਗਿਣਨਾ, ਛਾਂਟਣਾ, ਮਾਪਣਾ, ਪੈਟ੍ਰਨਜ਼ (ਤਰਤੀਬਾਂ), ਰੇਖਾ-ਗਣਿਤ ਅਤੇ ਕਲਾ। ਇਹ ਤੁਹਾਡੇ ਘਰ ਵਿੱਚ, ਯਾਰਡ ਵਿੱਚ, ਪਾਰਕ ਤੇ ਜਾਂ ਸਟੋਰ ਵਿੱਚ ਨਜ਼ਰ ਆਉਂਦਾ ਹੈ। ਗਣਿਤ ਦੀਆਂ ਕੁੱਝ ਆਨੰਦਮਈ ਪਰਿਵਾਰਕ ਖੇਡਾਂ ਅਤੇ ਗਤੀਵਿਧੀਆਂ, ਜੋ ਤੁਸੀਂ ਘਰ ਵਿੱਚ ਕਰ ਸਕਦੇ ਹੋ, ਅਜ਼ਮਾ ਕੇ ਵੇਖੋ।

## ਛੋਟੇ ਬੱਚਿਆਂ ਲਈ ਗਣਿਤ ਆਨੰਦਮਈ ਬਣਾਉਣਾ

ਹੇਠ ਲਿਖੀਆਂ ਗਤੀਵਿਧੀਆਂ ਕਿੰਡਰਗਾਰਟਨ ਤੋਂ ਦੂਜੇ ਦਰਜੇ ਤੱਕ ਦੇ ਬੱਚਿਆਂ ਲਈ ਢੁਕਵੀਆਂ ਹਨ:

- ਆਪਣੇ ਬੱਚੇ ਨਾਲ ਮਿਲਕੇ ਕੁੱਝ ਵੱਟੀਆਂ ਇਕੱਠੀਆਂ ਕਰੋ ਅਤੇ ਊਸਨੂੰ ਕਹੋ ਕਿ ਇਹਨਾ ਨੂੰ ਛਾਂਟੇ: ਭਾਰੀਆਂ ਅਤੇ ਹਲਕੀਆਂ, ਚਮਕਦਾਰ ਅਤੇ ਫਿੱਕੀਆਂ, ਵੱਡੀਆਂ ਅਤੇ ਛੋਟੀਆਂ, ਖੁਰਦਰੀਆਂ ਅਤੇ। ਮੁਲਾਇਮ। ਉਸ ਕੋਲ ਕਿਸ ਕਿਸਮ ਦੀਆਂ ਕਿੰਨੀਆਂ ਹਨ? ਉਸਨੂੰ ਕਹੋ ਕਿ ਅਲੱਗ-ਅਲੱਗ ਸ਼ਕਲ ਦੀਆਂ ਵੱਟੀਆਂ ਨਾਲ ਕੋਈ ਸੂਰਤ ਬਣਾਵੇ।
- ਆਪਣੇ ਬੱਚੇ ਨਾਲ ਇੱਕ "ਗਣਿਤ ਦੀ ਸੈਰ" ਤੇ ਜਾਉ। ਉਸਨੂੰ ਕਹੋ ਕਿ ਚੌੜੀਆਂ, ਉੱਚੀਆਂ, ਵੱਖ-ਵੱਖ ਸ਼ਕਲਾਂ ਵਾਲੀਆਂ, ਪੈਟ੍ਰਨਜ਼ ਵਾਲੀਆਂ, ਆਦਿ ਚੀਜ਼ਾਂ ਲੱਭੇ। ਵੱਖੋ-ਵੱਖਰੀਆਂ ਚੀਜ਼ਾਂ ਬਾਰੇ ਦੱਸਣ ਲਈ ਆਪਣੇ ਹੱਥਾਂ ਦੀ ਵਰਤੋਂ ਕਰੋ। ਉਦਾਹਰਣ ਵੱਜੋਂ, ਜਦੋਂ ਤੁਸੀਂ ਉਸਨੂੰ ਚੌੜੀਆਂ ਚੀਜ਼ਾਂ ਲੱਭਣ ਲਈ ਆਖਦੇ ਹੋ, ਆਪਣੀਆਂ ਬਾਹਾਂ ਪੂਰੀਆਂ ਫੈਲਾ ਲਵੋ।
- ਆਪਣੇ ਬੱਚੇ ਨਾਲ ਕਿਸੇ ਡਿਪਾਰਟਮੈਂਟ ਸਟੋਰ ਵਿੱਚ ਜਾਉ ਅਤੇ ਉਸਨੂੰ ਧਾਰੀਦਾਰ ਵਸਤਾਂ, ਠੋਸ ਵਸਤਾਂ ਅਤੇ ਭਾਰੀਆਂ ਜਾਂ ਹਲਕੀਆਂ ਲੱਗਣ ਵਾਲੀਆਂ ਵਸਤਾਂ ਲੱਭਣ ਲਈ ਆਖੋ। ਕੁੱਝ ਗਤੀਵਿਧੀਆਂ ਤੁਸੀਂ ਖੁਦ ਸੋਚ ਲਉ।
- ਆਪਣੇ ਬੱਚੇ ਨਾਲ ਮਿਲਕੇ ਫੈਸਲਾ ਕਰੋ ਕਿ ਤੁਸੀਂ ਜਾਰ ਵਿੱਚ ਬਿਸਕੁਟ, ਬਟਣ ਜਾਂ ਕੋਈ ਹੋਰ ਚੀਜ਼ ਰੱਖੋਗੇ। ਪਰਿਵਾਰ ਦੇ ਮੈਂਬਰਾਂ ਨੂੰ ਵਾਰੋ-ਵਾਰੀ ਜਾਰ ਵਿਚਲੀਆਂ ਚੀਜ਼ਾਂ ਦੀ ਗਿਣਤੀ ਦਾ ਅੰਦਾਜ਼ਾ ਲਗਾਉਣ ਲਈ ਆਖੋ। ਇੱਕ ਮੁੱਠੀ ਭਰਕੇ ਚੀਜ਼ਾਂ ਦੀ ਬਾਹਰ ਕੱਢ ਲਉ ਅਤੇ ਉਹਨਾਂ ਦੀ ਗਿਣਤੀ ਕਰੋ। ਪਰਿਵਾਰ ਦੇ ਮੈਂਬਰਾਂ ਨੂੰ ਪੁੱਛੋ ਜੇਕਰ ਉਹ ਆਪਣਾ ਅੰਦਾਜ਼ਾ ਬਦਲਣਾ ਚਾਹੁੰਦੇ ਹੋਣ। ਅਖੀਰ ਵਿੱਚ, ਜਾਰ ਵਿਚਲੀਆਂ ਵਸਤਾਂ ਦੀ ਗਿਣਤੀ ਕਰ ਲਉ। ਇਸ ਬਾਰੇ ਵਿਚਾਰ ਕਰੋ ਕਿ ਹਰ ਵਿਅਕਤੀ ਨੇ ਕਿੰਨੀ ਚੰਗੀ ਤਰਾਂ ਚੀਜ਼ਾਂ ਦੀ ਗਿਣਤੀ ਦਾ ਅੰਦਾਜ਼ਾ ਲਗਾਇਆ ਹੈ। ਅੰਦਾਜ਼ਾ ਲਗਾਉਣ ਨਾਲ ਅੰਕੜਿਆਂ ਦੀ ਸਮਝ ਦਾ ਵਿਕਾਸ ਹੁੰਦਾ ਹੈ ਅਤੇ ਇਹ ਅਭਿਆਸ ਅਤੇ ਸੋਚਣ ਨਾਲ ਪ੍ਰਫੁੱਲਤ ਹੁੰਦੀ ਹੈ। ਇਸ ਨਾਲ ਜ਼ੋਖਮ ਉਠਾਉਣ, ਮੁਸ਼ਕਲਾਂ ਦੇ ਹੱਲ ਲੱਭਣ ਅਤੇ ਇਸ ਵਿਚਾਰ ਦਾ ਵਿਕਾਸ ਵੀ ਹੁੰਦਾ ਹੈ ਕਿ ਅੰਦਾਜ਼ਾ ਲਗਾਉਣ ਵੇਲੇ ਸੰਭਾਵਿਤ ਜਵਾਬਾਂ ਦੀ ਇੱਕ ਲੜੀ ਮੌਜੂਦ ਹੁੰਦੀ ਹੈ।
- ਆਪਣੇ ਬੱਚੇ ਨਾਲ ਕਿਸੇ ਰਸਾਲੇ ਦੇ ਪੰਨੇ ਪਰਤੋ ਅਤੇ ਕਿਸੇ ਤਸਵੀਰ ਤੇ ਅਟਕ ਜਾਉ। ਉਸਨੂੰ ਪੰਨੇ ਉੱਤਲੇ ਵੱਖੋ-ਵੱਖਰੇ ਆਕਾਰਾਂ ਬਾਰੇ ਦੱਸਣ ਅਤੇ ਪੰਨੇ ਉੱਪਰ ਨਜ਼ਰ ਆਉਣ ਵਾਲੇ ਸਭਨਾ ਰੰਗਾਂ ਦੀ ਪਹਿਚਾਣ ਕਰਨ ਲਈ ਆਖੋ। ਤਸਵੀਰ ਵਿੱਚ ਕਿੰਨੇ ਚਿਹਰੇ ਹਨ? ਕਿੰਨੇ ਹੱਥ ਹਨ?

## ਆਪਣੇ ਬੱਚਿਆਂ ਨੂੰ ਵਿਖਾਉ ਕਿ ਗਣਿਤ ਉਹਨਾਂ ਦੀਆਂ ਰੋਜ਼ਾਨਾ ਗਤੀਵਿਧੀਆਂ ਦਾ ਹਿੱਸਾ ਕਿਵੇਂ ਹੈ

ਹੇਠ ਦਿੱਤੀਆਂ ਗਤੀਵਿਧੀਆਂ 3 ਤੋਂ 6 ਗਰੇਡ ਤੱਕ ਦੇ ਬੱਚਿਆਂ ਲਈ ਢੁਕਵੀਆਂ ਹਨ:

- ਆਪਣੇ ਬੱਚੇ ਨੂੰ ਨਾਲ ਲੈਕੇ ਇੱਕ ਕੇਕ ਬਣਾਉ। ਉਸਨੂੰ ਆਖੋ ਕਿ ਸਾਮੱਗਰੀ ਨੂੰ ਮਾਪੇ।
- ਆਪਣੇ ਬੱਚੇ ਨੂੰ ਪੁੱਛੋ ਕਿ ਰੋਜ਼ਾਨਾ ਜ਼ਿੰਦਗੀ ਵਿੱਚ ਗਣਿਤ ਦੀ ਵਰਤੋਂ ਕਿਵੇਂ ਹੁੰਦੀ ਹੈ। ਜਵਾਬਾਂ ਨੂੰ ਵਿਚਾਰਨ ਲਈ ਇਕੱਠਿਆਂ ਦਿਮਾਗ ਲੜਾਓ।
- ਅਗਲੀ ਵਾਰੀ ਜਦੋਂ ਤੁਸੀਂ ਆਪਣੀ ਕਾਰ ਵਿੱਚ ਗੈਸ ਭਰੋਂ, ਆਪਣੇ ਬੱਚੇ ਨੂੰ ਪੰਪ ਤੇ ਆਣ ਵਾਲੇ ਵੱਖੋ-ਵੱਖਰੇ ਨੰਬਰ ਪੜ੍ਹਨ ਦਿਉ। ਉਸਨੂੰ ਜਿੱਥੇ ਤੁਸੀਂ ਹੋ, ਤੋਂ ਲੈਕੇ ਜਿੱਥੇ ਤੁਸੀਂ ਜਾਣਾ ਹੈ, ਤੱਕ ਦੇ ਫਾਸਲੇ ਦਾ ਅੰਦਾਜ਼ਾ ਲਾਉਣ ਲਈ ਆਖੋ। ਉੱਥੇ ਤੱਕ ਜਾਣ ਲਈ ਕਿੰਨੀ ਗੈਸ ਦੀ ਲੋੜ ਹੋਵੇਗੀ?
- ਗ੍ਰੋਸਰੀ ਖਰੀਦਣ ਵੇਲੇ ਜਦੋਂ ਤੁਸੀਂ ਲਾਈਨ ਵਿੱਚ ਖੜੇ ਹੋਵੋ, ਆਪਣੇ ਬੱਚੇ ਨੂੰ ਇਹ ਅੰਦਾਜ਼ਾ ਲਾਉਣ ਲਈ ਆਖੋ ਕਿ ਬਿਲ ਕਿੰਨਾ ਹੋਵੇਗਾ। ਇਹ ਗਤੀਵਿਧੀ ਰੈਸਟੋਰੈਂਟਾਂ ਵਿੱਚ ਵੀ ਕੀਤੀ ਜਾ ਸਕਦੀ ਹੈ।
- ਐਲਫਾਬੈੱਟ ਦੇ ਹਰ ਅੱਖਰ ਨੂੰ ਡਾਲਰਾਂ ਵਿੱਚ ਇੱਕ ਮੁੱਲ ਦੇ ਦਿਉ (ਜਿਵੇਂ ੳ (A) = $1, ਭ (B) = $2, ਛ (C) = $3 ਆਦਿ)। ਆਪਣੇ ਬੱਚੇ ਨੂੰ ਆਖੋ ਕਿ ਅੱਖਰਾਂ ਦੀ ਕੀਮਤ ਦਾ ਜੋੜ ਕਰਕੇ ਪਤਾ

ਲਾਵੇ ਕਿ ਕੋਈ ਨਾਮ ਜਾਂ ਸ਼ਬਦ ਕਿੰਨਾ ਕੁ ਮਹਿੰਗਾ ਹੈ. ਪਰਿਵਾਰ ਵਿੱਚ ਸਭ ਤੋਂ ਮਹਿੰਗਾ ਵਿਅਕਤੀ ਕੌਣ ਹੈ?

- ਪਰਿਵਾਰ ਦੇ ਇੱਕ ਮੈਂਬਰ ਨੂੰ ਆਖੋ ਕਿ ਬਾਹਾਂ ਫੈਲਾਕੇ ਕਮਰੇ ਦੇ ਇੱਕ ਖੂੰਜੇ ਵਿੱਚ ਖੜੋ ਜਾਵੇ। ਧਾਗੇ ਦਾ ਇੱਕ ਗੋਲ੍ਹਾ ਅਤੇ ਇੱਕ ਕੈਂਚੀ ਲੈਕੇ ਪਰਿਵਾਰ ਦੇ ਬਾਕੀ ਮੈਂਬਰਾਂ ਨੂੰ ਵਾਰੋ-ਵਾਰੀ ਦਿਉ। ਉਹਨਾਂ ਨੂੰ ਆਖੋ ਕਿ ਬਾਹਾਂ ਪਸਾਰੀ ਖੜੇ ਵਿਅਕਤੀ ਦੇ ਇੱਕ ਹੱਥ ਦੇ ਸਿਰੇ ਤੋਂ ਦੂਜੇ ਹੱਥ ਦੇ ਸਿਰੇ ਤੱਕ ਦੇ ਫਾਸਲੇ ਜਿੰਨਾ ਕੁ ਧਾਗਾ ਅੰਦਾਜ਼ੇ ਨਾਲ ਕੱਟ ਲੈਣ। ਧਾਗੇ ਦੇ ਗੋਲ੍ਹੇ ਨੂੰ ਹੋਰ ਚੀਜ਼ਾਂ, ਜਿਵੇਂ ਕਿਤਾਬ ਦੇ ਆਲੇ-ਦੁਆਲੇ ਦਾ ਫਾਸਲਾ, ਮਾਪਣ ਲਈ ਵਰਤੋ।
- ਇਸ ਗੱਲ ਤੇ ਚਰਚਾ ਕਰੋ ਕਿ ਕਿਸੇ ਕੱਪੜਾ ਵੇਚਣ ਵਾਲੇ ਲਈ ਚੰਗਾ ਅੰਦਾਜ਼ਾ ਲਾਉਣ ਵਾਲਾ ਹੋਣਾ ਕਿਉਂ ਜ਼ਰੂਰੀ ਹੈ। ਹੋਰ ਕੌਣ-ਕੌਣ ਲੰਬਾਈ ਨੂੰ ਮਾਪਣ ਵਿੱਚ ਚੰਗਾ ਹੋਣਾ ਚਾਹੀਦਾ ਹੈ।
- ਆਪਣੇ ਬੱਚੇ ਨਾਲ ਘਰ ਵਿੱਚ ਜਾਂ ਘਰ ਦੇ ਆਲੇ-ਦੁਆਲੇ ਇੱਕ "ਰੇਖਾ-ਗਣਿਤ ਦੀ ਸੈਰ" ਕਰਨ ਜਾਉ, ਅਤੇ ਤ੍ਰੈਪਾਸੀ ਵਸਤਾਂ ਦੀ ਭਾਲ ਕਰੋ। ਗੋਲ੍ਹਿਆਂ, ਜਿਵੇਂ ਕੋਈ ਗੇਂਦ, ਕੋਨਾਂ (ਜਿਵੇਂ ਸੜਕ ਦੇ ਪਾਈਲੋਨ) ਤਿਕੋਣੇ ਪ੍ਰਿਜ਼ਮਾਂ (ਟੌਬਲੀਰੋਨ ਦਾ ਡੱਬਾ), ਕਿਊਬ (ਸ਼ੂਗਰ ਕਿਊਬ) ਅਤੇ ਆਇਤਾਕਾਰ ਪ੍ਰਿਜ਼ਮਾਂ (ਟੁੱਥਪੇਸਟਾਂ ਦਾ ਡੱਬਾ), ਦੀ ਭਾਲ ਕਰੋ। ਕਈ ਚੀਜ਼ਾਂ ਇੱਕ ਤੋਂ ਵੱਧ ਆਕਾਰ ਦੀਆਂ ਬਣੀਆ ਹੁੰਦੀਆਂ ਹਨ। ਆਪਣੇ ਬੱਚੇ ਨੂੰ ਇਹਨਾ ਚੀਜ਼ਾਂ ਦੀ ਪਛਾਣ ਕਰਨ ਲਈ ਆਖੋ।

## ਖੇਡਾਂ ਖੇਡਦਿਆਂ ਵਧੇਰੇ ਗਣਿਤ ਸਿੱਖੋ

ਇੱਕ ਪਰਿਵਾਰ ਦੇ ਤੌਰ ਤੇ ਤੁਸੀਂ ਕਈ ਖੇਡਾਂ ਖੇਡਕੇ ਗਣਿਤ ਨੂੰ ਪਰਿਵਾਰਕ ਅਨੰਦ ਬਣਾ ਸਕਦੇ ਹੋ। ਹੇਠਾਂ ਕੁੱਝ ਸੁਝਾਅ ਦਿੱਤੇ ਗਏ ਹਨ:

- ਅੰਕੜਿਆਂ ਨੂੰ ਸਮਝਣ ਲਈ ਤਾਸ਼ ਦੇ ਪੱਤੇ ਵਰਤਦਿਆਂ ਖੇਡਾਂ ਈਜ਼ਾਦ ਕਰੋ. ਪੱਤਿਆਂ ਦੀ ਪਾਲ ਵਿੱਚੋਂ ਇੱਕ ਪੱਤਾ ਚੁੱਕਕੇ ਥੱਲ ਦਿਉ। ਨੰਬਰ ਨੂੰ ਦੁੱਗਣਾ ਕਰ ਦਿਉ। "ਡਬਲ ਪਲੱਸ ਵਨ" ਜਾਂ "ਡਬਲ ਮਾਈਨਸ ਵਨ" ਖੇਡੋ।
- ਹਰ ਚੀਜ਼ ਦਾ ਅੰਦਾਜ਼ਾ ਲਗਾਕੇ ਮਿਣਤੀ ਨੂੰ ਸਮਝੋ। ਆਪਣੇ ਬੱਚੇ ਨੂੰ ਕਹੋ ਕਿ ਤੁਹਾਡੇ ਦਰਵਾਜੇ ਤੋਂ ਲੈਕੇ ਯਾਰਡ ਦੇ ਅਖੀਰ ਤੱਕ ਪੌੜੀਆ ਦੀ ਗਿਣਤੀ, ਬੈੱਡਰੂਮ ਵਿੱਚ ਸਮਾ ਸਕਣ ਵਾਲੀਆਂ ਜੁੱਤੀਆਂ ਦੀ ਗਿਣਤੀ, ਜਾਂ ਕਿਸੇ ਵੱਡੇ ਭਾਂਡੇ ਨੂੰ ਭਰਨ ਲਈ ਲੁੜੀਂਦੇ ਕੱਪਾਂ ਦੀ ਗਿਣਤੀ ਦੇ ਅੰਦਾਜ਼ੇ ਲਗਾਵੇ।
- ਬਿੰਗੋ ਖੇਡਣਾ ਵੀ ਛੋਟੇ ਬੱਚਿਆਂ ਲਈ ਅੰਕੜਿਆਂ ਨੂੰ ਪਛਨਾਣ ਦੇ ਅਭਿਆਸ ਦਾ ਇੱਕ ਆਨੰਦਾਇਕ ਤਰੀਕਾ ਹੋ ਸਕਦਾ ਹੈ। ਵੱਡੇ ਬੱਚਿਆਂ ਲਈ "ਜਮਾਂ ਵਾਲੀ ਬਿੰਗੋ" ਜਾਂ "ਜ਼ਰਬ ਵਾਲੀ ਬਿੰਗੋ" ਅਜ਼ਾਮਉ।
- ਅੰਕੜਿਆਂ ਵੱਲੋਂ ਸਿਰਜੇ ਗਏ ਪੈਟਰਨ ਵੇਖੋ. ਇੱਕ ਤੋਂ ਲੈ ਕੇ 100 ਤੱਕ ਦਸ-ਦਸ ਦੀਆਂ ਕਤਾਰਾਂ (ਇੱਕ ਤੋਂ 10 ਤੱਕ ਪਹਿਲੀ ਕਤਾਰ ਵਿੱਚ, 11 ਤੋਂ 20 ਤੱਕ ਦੂਜੀ ਕਤਾਰ ਵਿੱਚ, ਅਤੇ ਇਸੇ ਤਰਾਂ ਹੀ) ਅੰਕੜੇ ਲਿਖੋ। ਆਪਣੇ ਬੱਚੇ ਨੂੰ ਆਖੋ ਕਿ ਇਸ ਵਿਚਲੇ ਪੈਟਰਨ ਦੱਸੇ।

**ਕੀ ਤੁਸੀਂ ਜਾਣਦੇ ਹੋ?**
ਜੇਕਰ ਤੁਸੀਂ ਹਰ ਇੱਕ ਸਕਿੰਟ ਦਾ ਇੱਕ ਨੰਬਰ ਗਿਣੋ, ਇੱਕ (ਦਹਿ ਖਰਬ) ਟ੍ਰਿਲੀਅਨ ਗਿਣਨ ਲਈ ਤੁਹਾਨੂੰ 31,709 ਸਾਲ ਲੱਗ ਜਾਣਗੇ।

## ਗਣਿਤ ਦੀਆਂ ਆਨੰਦਮਈ ਪੁਸਤਕਾਂ ਪੜ੍ਹੋ

ਪਰਿਵਾਰ ਵਿੱਚ ਕਹਾਣੀਆਂ ਸੁਣਾਉਣ ਲਈ ਗਣਿਤ ਦਾ ਵਿਸ਼ਾ ਚੁਣੋਂ। ਹੇਠ ਲਿਖੀਆਂ ਪੁਸਤਕਾਂ ਤੁਹਾਡੀ ਸਥਾਨਕ ਲਾਇਬ੍ਰੇਰੀ ਵਿੱਚ ਉਪਲਬਧ ਹਨ:

*Counting on Frank*
Rod Clement ਦੁਆਰਾ

*Math Curse*
Jon Scieszka and Lane Smith ਦੁਆਰਾ

*G is for Googol: a math alphabet book*
David Schwartz ਦੁਆਰਾ

*How Much Is A Million*
David Schwartz ਦੁਆਰਾ

*Grandfather Tang' Story*
Ann Tompert ਦੁਆਰਾ

*One Hundred Hungry Ants*
Eleanor J. Pincze ਦੁਆਰਾ

*A remainder of One*
Eleanor J. Pincze ਦੁਆਰਾ

*Anno's Counting House*
Mitsumasa Anno ਦੁਆਰਾ

*Alexander Who Used To Be Rich Last Sunday*
Judith Viorst ਦੁਆਰਾ

*The King's Chessboard*
David Birch ਦੁਆਰਾ

*Selena and the Bear Paw*
Barbara Smucker ਦੁਆਰਾ

*Length*
Henry Pluckrose ਦੁਆਰਾ

*Capacity*
Henry Pluckrose ਦੁਆਰਾ

*The Village of Round and Square Houses*
Ann Grifalconi ਦੁਆਰਾ

*100$^{th}$ Day Worries*
Margery Cuyler ਦੁਆਰਾ

*ਇਹ ਟਿੱਪ ਸ਼ੀਟ ਪਾਉਲੀਨ ਲਿੰਡਜ਼ੀ, ਪ੍ਰਿਸੀਪਲ, ਦੁਆਰਾ ਤਿਆਰ ਕੀਤੀ ਗਈ।*